National Research Journal of Social Sciences (NRJSS) Peer Reviewed Journal
Volume-8, Issue- 2 (July-December) Year-2023 ISSN No: 2348-473X

# ਗੁਰੂ ਨਾਨਕ ਦੇਵ ਜੀ : ਇੱਕ ਮਹਾਨ ਕ੍ਰਾਂਤੀਕਾਰੀ ਦੇ ਰੂਪ ਵਿੱਚ

**ਅਮਨਪਾਲ ਕੌਰ**

ਅਸਿਸਟੈਂਟ ਪ੍ਰੋਫੈਸਰ, ਪੰਜਾਬੀ, ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਸਾਬੋ (ਬਠਿੰਡਾ), ਪੰਜਾਬ

ਮਨੁੱਖੀ ਹੋਂਦ ਨਾਲ ਜੁੜੇ ਦਿਸਦੇ ਅਤੇ ਅਣਦਿਸਦੇ (ਰੱਬ ਅਤੇ ਦੁਨੀਆਂ) ਦੇ ਸਵਾਲ ਨੇ ਹਮੇਸ਼ਾ ਯੁਗਾਂ-ਯੁਗਾਂ ਤੋਂ ਮਨੁੱਖ ਨੂੰ ਭੰਬਲਭੂਸੇ ਵਿੱਚ ਪਾਈ ਰੱਖਿਆ ਹੈ ਅਤੇ ਮਨੁੱਖ ਦਿਸਦੇ-ਅਣਦਿਸਦੇ ਦੀ ਹੋਂਦ ਦੀ ਭਾਲ ਵਿੱਚ ਕਦੇ ਜੰਗਲਾਂ, ਪਹਾੜਾਂ, ਆਦਿ ਨੂੰ ਗਾਹੁੰਦਾ ਰਿਹਾ 'ਤੇ ਕਦੇ ਕਠਿਨ ਸਾਧਨਾਵਾਂ, ਤੱਪਸਿਆਵਾਂ ਨਾਲ ਆਪਣੇ ਸਰੀਰ ਅਤੇ ਮਨ ਨੂੰ ਕਸ਼ਟ ਦਿੰਦਾ ਰਿਹਾ ਹੈ ਪਰੰਤੂ ਮਨੁੱਖੀ ਹੋਂਦ ਨਾਲ ਜੁੜਿਆ ਦਿਸਦੇ - ਅਣਦਿਸਦੇ ਦਾ ਇਹ ਸਵਾਲ ਨਾਂ ਹੱਲ ਹੋਇਆ ਅਤੇ ਨਾਂ ਹੀ ਇਸ ਤਰ੍ਹਾਂ ਹੱਲ ਹੋਣਾ ਸੀ। ਹੁਣ ਅਸੀਂ ਪਿਛਾਂਹ ਮੁੜਦੇ ਹਾਂ ਅਤੇ 15ਵੀਂ ਸਦੀ ਦਾ ਉਹ ਸਮਾਂ ਯਾਦ ਕਰਦੇ ਹਾਂ ਜਦੋਂ ਉਪਰੋਕਤ ਸਵਾਲ ਦੇ ਨਾਲ-ਨਾਲ ਮਨੁੱਖੀ ਜਿੰਦਗੀਆਂ ਸਮਾਜਿਕ, ਆਰਥਿਕ, ਅਤੇ ਰਾਜਨੀਤਿਕ ਗਿਰਾਵਟ ਦੇ ਅਜਿਹੇ ਸੰਘਣੇ ਜਾਲ ਵਿੱਚ ਫਸੀਆਂ ਹੋਈਆਂ ਸਨ, ਕਿ ਉਹਨਾਂ ਦੀ ਬਾਂਹ ਫੜਨ ਵਾਲਾ, ਸਹੀ ਰਾਸਤਾ ਦਿਖਾਉਣ ਵਾਲਾ ਕੋਈ ਵੀ ਨਹੀਂ ਸੀ। ਕਿਉਂਕਿ 'ਰਾਜੇ ਜਨਤਾ ਦੇ ਪਾਲਕ ਹੋਣ ਦੀ ਥਾਂ ਜਰਵਾਣੇ ਬਣੇ ਹੋਏ ਸਨ। ਦੇਸ਼ ਵਿੱਚ ਕਈ ਧਰਮ ਪ੍ਰਚਲਿਤ ਸਨ ਅਤੇ ਹਰ ਇੱਕ ਧਰਮ ਦੇ ਆਗੂ ਲੋਕਾਂ ਨੂੰ ਆਪੋ-ਆਪਣੇ ਧਰਮ ਲਈ ਪ੍ਰੇਰਦੇ ਤੇ ਕਈ ਵਾਰੀ ਲੋਕਾਂ ਨੂੰ ਆਪਣੇ ਧਰਮ ਵਿੱਚ ਲਿਆਉਣ ਲਈ ਅਨੁਚਿਤ ਕਾਰਵਾਈਆਂ ਤੋਂ ਵੀ ਗੁਰੇਜ਼ ਨਾ ਕਰਦੇ।'[1] ਜਾਗੀਰਦਾਰੀ ਸਮਾਜ ਵਿਚ ਸਮਾਜਕ ਪ੍ਰਬੰਧ ਇੰਨ੍ਹਾ ਗਿਰਾਵਟ ਭਰਿਆ ਸੀ, ਕਿ ਲੋਕ ਹੱਕਾਂ ਦੀ ਕੋਈ ਗੱਲ ਨਹੀਂ ਕੀਤੀ ਜਾਂਦੀ ਸੀ। ਅਨਿਆਂ ਅਤੇ ਜ਼ੁਲਮ ਖਿਲਾਫ ਕੋਈ ਆਵਾਜ਼ ਨਹੀਂ ਉੱਠਦੀ ਸੀ। ਸਗੋਂ ਲੋਕ ਇਸ ਸਭ ਨੂੰ ਪੁਰਬਲੇ ਕਰਮਾਂ ਦਾ ਫਲ ਸਮਝ ਕੇ ਤਰਕ ਵਿਹੁਣਾ ਜੀਵਨ ਜਿਉਣ ਲਈ ਮਜਬੂਰ ਸਨ। ਪੁੰਨ – ਪਾਪ ਦਾ ਸੰਕਲਪ ਵੀ ਜਾਤਿ-ਪਾਤ ਆਧਾਰਿਤ ਸੀ। ਸੋ ਅਜਿਹੇ ਸਮੇਂ ਵਿੱਚ ਜਦੋਂ ਰਾਜੇ ਕਸਾਈ ਤੇ ਸ਼ੀਂਹ ਬਣੇ ਹੋਏ ਸਨ ਅਤੇ ਬ੍ਰਾਹਮਣ ਵੀ ਆਮ ਲੋਕਾਈ ਨੂੰ ਠੱਗ ਰਹੇ ਸਨ ਉਸ ਸਮੇਂ ਮਨੁੱਖਤਾ ਦੀ ਅਗਵਾਈ ਕਰਨ ਲਈ ਸੁਹਿਰਦ ਰਹਿਬਰ ਦੀ ਲੋੜ ਸੀ। ਸੋ, ਅਜਿਹੇ ਸਮੇਂ ਜਦੋਂ ਕੂੜ ਦੀ ਅਮਾਵਸ ਵਿੱਚ ਚੰਦਰਮਾ ਕੀਤੇ ਨਜ਼ਰ ਨਹੀਂ ਆਉਦਾ ਸੀ, ਗੁਰੂ ਨਾਨਕ ਦਾ ਅਵਤਾਰ ਇੱਕ ਚਾਨਣ ਬਣਕੇ ਹਨੇਰਾ ਢੋਹ ਰਹੀ ਲੋਕਾਈ ਵਿੱਚ ਫੈਲਿਆ। ਉਹ ਚਾਨਣ, ਜਿਸ ਨੇ ਵੱਡੇ ਹੋਕੇ ਸਮੁੱਚੀ ਲੋਕਾਈ ਨੂੰ ਤਾਰ ਦੇਣਾ ਸੀ ਅਤੇ ਤਾਰ ਰਿਹਾ ਹੈ। ਇੱਕ ਮਤ ਅਨੁਸਾਰ 15 ਅਪ੍ਰੈਲ 1469 (ਵੈਸਾਖ ਸੁਦੀਤ) ਭਾਵ ਕਲਿਆਣ ਦਾਸ ਮਹਿਤਾ ਨੂੰ ਰਾਇ-ਭੋਇ ਦੀ ਤਲਵੰਡੀ ਵਿਖੇ ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਇੱਥੇ ਵਰਨਣਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਜਨਮ ਮਿਤੀ ਬਾਰੇ ਕਈ ਮਤ ਪ੍ਰਚਲਿਤ ਹਨ। ਗੁਰੂ ਨਾਨਕ ਦੇਵ ਜੀ ਦਾ ਵਿਆਹ ਬਟਾਲੇ ਦੇ ਖੱਤਰੀ ਪਰਿਵਾਰ ਵਿੱਚ ਬੀਬੀ ਸੁਲੱਖਣੀ ਜੀ ਨਾਲ ਹੋਇਆ। ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਦੋ ਪੁੱਤਰ ਪੈਦਾ ਹੋਏ। ਗੁਰੂ ਨਾਨਕ ਦੇਵ ਜੀ ਨੇ 24 ਸਾਲ ਦਾ ਲੰਬਾ ਅਰਸਾ ਚਾਰ ਉਦਾਸੀਆਂ ਵਿੱਚ ਲਾਇਆ, ਜਿਸ ਦੌਰਾਨ ਭਾਰਤ ਦੇ ਪ੍ਰਸਿੱਧ ਸ਼ਹਿਰਾਂ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਬੰਗਲਾ ਦੇਸ਼, ਸ੍ਰੀ ਲੰਕਾ, ਨੇਪਾਲ, ਸਿਕਮ, ਭੂਟਾਨ, ਤਿਬਤ, ਚੀਨ, ਮੇਘਾਲਿਆ, ਤੁਰਕੀ, ਇਟਲੀ, ਰੂਸ, ਅਫਗਾਨਿਸਤਾਨ, ਈਰਾਨ, ਈਰਾਕ, ਸਾਊਦੀ ਅਰੇਬੀਆ ਆਦਿ ਦੇਸ਼ਾਂ ਵਿੱਚ ਵਹਿਮਾਂ-ਭਰਮਾਂ, ਸੰਕਟਾਂ ਵਿੱਚ ਫਸੀ ਲੋਕਾਈ ਨੂੰ ਸੇਧ ਦਿੱਤੀ। 'ਸਿੱਧ ਗੋਸ਼ਟਿ' ਵਰਗੀਆਂ ਮਹਾਨ ਰਣਨਾਵਾਂ ਕੀਤੀਆਂ, ਜਿੰਨ੍ਹਾਂ ਵਿੱਚ ਮਨੁੱਖੀ ਜੀਵਨ ਨਾਲ ਜੁੜੇ ਹਰ ਸੁਆਲ ਦਾ ਜਵਾਬ ਬੜ੍ਹੇ ਤਰਕਪੂਰਨ ਅਤੇ ਕ੍ਰਾਂਤੀਕਾਰੀ ਢੰਗ ਨਾਲ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਤਹਿਤ ਉਹਨਾਂ ਦੁਆਰਾ ਲਿਖੀ 'ਬਾਣੀ ਦੇ 977 ਸ਼ਬਦ ਪ੍ਰਾਪਤ ਹੁੰਦੇ ਹਨ ਜੋ ਵੱਖ-ਵੱਖ 20 ਰਾਗਾਂ (ਸਿਰੀ, ਮਾਝ, ਰਾਉੜ੍ਹੀ, ਆਸਾ, ਗੂਜਰੀ, ਵਡਹੰਸ, ਬਿਹਾਗੜ੍ਹਾ,ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ) ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ

1 ਅਨੂਪ ਕੌਰ ਬਾਂਸਲ, 'ਦੱਖਣੀ ਓਅੰਕਾਰ: ਇਕ ਅਧਿਐਨ' ਪੰਨਾ - 13

ਅੰਕਿਤ ਹਨ। ਜਪੁਜੀ ਸਾਹਿਬ, ਮਾਝ-ਦੀ ਵਾਰ, ਆਸਾ ਦੀ ਵਾਰ, ਪੱਟੀ, ਬਾਬਰਬਾਣੀ, ਸਿਧ ਗੋਸ਼ਟਿ, ਓਅੰਕਾਰ ਬਾਣੀ, ਮਲਾਰ ਦੀ ਵਾਰ, ਬਾਰਹ- ਮਾਹ, ਤੁਖਾਰੀ ਆਦਿ ਪ੍ਰਸਿੱਧ ਰਚਨਾਵਾਂ ਹਨ।'[2] ਇਸ ਤੋਂ ਇਲਾਵਾ ਕਰਤਾਰਪੁਰ ਨਗਰ ਵਸਾਉਣਾ, ਗੁਰੁ ਪਰੰਪਰਾ ਦੀ ਵੱਖਰੀ ਪਿਰਤ ਤੋਰਨੀ ਆਦਿ ਗੁਰੁ ਨਾਨਕ ਦੇਵ ਜੀ ਦੀ ਕ੍ਰਾਂਤੀਕਾਰੀ ਸੋਚ ਦਾ ਪ੍ਰਗਟਾਵਾ ਸਨ। ਗੁਰੂ ਨਾਨਕ ਦੇਵ ਨੂੰ ਸਿੱਖ ਧਰਮ ਦਾ ਬਾਨੀ ਮੰਨਿਆ ਜਾਂਦਾ ਹੈ ਅਤੇ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੁ ਨਾਨਕ ਦੇਵ ਜੀ ਦੀ ਵਿਚਾਰਧਾਰਾ ਬਿਨ੍ਹਾਂ ਕਿਸੇ ਰੂਪ-ਵਾਦ ਦੇ ਦਸਾਂ ਨਹੁੰਆ ਦੀ ਕਿਰਤ ਦੀ ਗੱਲ ਕਰਦੀ ਮਨੁੱਖਤਾ ਨੂੰ ਸਵੈ-ਮਾਣ ਨਾਲ ਜਿਉਣ ਦਾ ਸੰਦੇਸ਼ ਦਿੰਦੀ ਹੈ। ਕਿਉਂਕਿ ਇਹ ਸੱਚ ਹੈ ਕਿ 'ਵਿਲੱਖਣ ਸ਼ਖਸ਼ੀਅਤ ਦੀ ਵਿਚਾਰਧਾਰਾ ਜਾਂ ਅਨੁਭਵ ਉਸ ਦੀ ਸਮਾਜਕ ਵਿਉਂਤਬੰਦੀ ਪ੍ਰਤੀ ਸੋਚ ਜਾਂ ਵਿਸ਼ਵਾਸ ਦਾ ਬਿੰਬ ਹੁੰਦਾ ਹੈ। ਇਹ ਬਿੰਬ ਨਿੱਜੀ ਨਹੀਂ ਸਗੋਂ ਸਮੂਹਕ ਤੌਰ 'ਤੇ ਲੋਕਮਾਨਤਾ ਪ੍ਰਾਪਤ ਜਮਾਤੀ ਹੁੰਦਾ ਹੈ। ਉਹ ਸ਼ਖਸ਼ੀਅਤ ਆਪਣੇ ਇਸ ਦ੍ਰਿਸ਼ਟੀਕੋਣ ਤੋਂ ਹੀ, ਜਿੰਦਗੀ ਪ੍ਰਤੀ ਨਜ਼ਰੀਆ ਬਣਾਉਂਦੀ ਹੈ ਅਤੇ ਸਮਾਜਕ ਅਤੇ ਸਦਾਚਾਰਕ ਕਦਰਾਂ- ਕੀਮਤਾਂ ਦਾ ਮੁਲੰਕਣ ਕਰਦੀ ਹੈ। ਜਦੋਂ ਵੀ ਕਦੇ ਹਾਕਮ ਜਮਾਤ ਦਾ ਰੋਲ ਚਾਲੂ ਹੋ ਜਾਵੇ, ਉਸ ਸਮੇਂ ਬਾਕੀ ਦਾ ਸਮਾਜ ਖਾਸ ਕਰ ਆਮ ਲੋਕ ਉਸ ਦੇ ਸੱਚ ਨੂੰ ਮੰਨਣੋਂ ਇਨਕਾਰੀ ਹੋ ਜਾਂਦੇ ਹਨ ਅਤੇ ਇਸ ਸਥਿਤੀ ਪ੍ਰਤੀ ਉਨ੍ਹਾਂ ਵਿੱਚ ਰੋਸ ਪੈਦਾ ਹੋਣ ਲੱਗ ਜਾਂਦਾ ਹੈ। ਬਸ ਇਸੇ ਰੋਸ ਦੀ ਧੁਨੀ ਨੂੰ ਅਨੁਭਵ ਕਰ ਕੇ ਵਿਲੱਖਣ ਸ਼ਖਸ਼ੀਅਤਾਂ ਇਕੱਲੇ ਇਕਹਿਰੇ ਜਾਤੀਰੋਹ ਨੂੰ ਲੋਕ-ਰੋਹ ਵਿੱਚ ਤਬਦੀਲ ਕਰਨ ਵੱਲ ਗਿਆਨ ਭਰਪੂਰ ਕਰਮ ਕਰਦੀਆਂ ਹਨ। ਭਾਰਤੀ ਇਤਿਹਾਸ ਵਿੱਚ ਅਜਿਹੀ ਸ਼ਖਸ਼ੀਅਤ ਹੀ ਸਨ, ਸਾਡੇ ਗੁਰੁ ਨਾਨਕ ਦੇਵ ਜੀ।'[3] ਜਿਹਨਾਂ ਨੇ ਮਨੁੱਖ ਨੂੰ ਅਜਿਹੀ ਚੇਤਨਾ ਸ਼ਕਤੀ ਦਿੱਤੀ, ਜਿਸ ਨਾਲ ਲਿਤਾੜੀ ਤੇ ਦਰੜੀ ਜਾ ਰਹੀ ਲੋਕਾਈ ਨੂੰ ਆਪਣੇ ਮਨੁੱਖ ਹੋਣ ਦੀ ਪਹਿਚਾਣ ਹੋ ਸਕੀ। ਉਹਨਾਂ ਨੇ ਡਰ ਰਹੀ ਲੋਕਾਈ ਨੂੰ ਜ਼ੁਲਮ, ਡਰ, ਸਮਾਜਕ ਅਤੇ ਰਾਜਨੀਤਿਕ ਗੁਲਾਮੀ ਵਿਰੁੱਧ ਆਵਾਜ਼ ਉਠਾਉਣ ਦੀ ਸੋਝੀ ਦਿੱਤੀ। ਗੁਰੁ ਨਾਨਕ ਦੇਵ ਜੀ ਨੇ ਨਿਧੜਕ ਹੋਕੇ ਹਾਕਮਾਂ, ਰਾਜਿਆਂ,ਮੁਲਤਾਨਾਂ ਆਦਿ ਦੇ ਜ਼ੁਲਮਾਂ ਦੀ ਆਲੋਚਨਾ ਕੀਤੀ। ਉਹ ਲਿਖਦੇ ਹਨ:-

ਪਾਪ ਦੀ ਜੰਞ ਲੈ ਕਾਬਲਹੁ ਧਾਇਆ,

ਜੋਰੀ ਮੰਗੈ ਦਾਨ ਵੇ ਲਾਲੋ।।

ਗੁਰੁ ਨਾਨਕ ਦੇਵ ਜੀ ਅਜਿਹੇ ਪਹਿਲੇ ਮਹਾਂਪੁਰਖ ਸਨ, ਜਿਨ੍ਹਾਂ ਨੇ ਕਿਰਤ ਦੇ ਨਾਲ –ਨਾਲ ਰੱਬੀ ਭਗਤੀ ਨੂੰ ਇੱਕੋ ਵੇਲੇ ਸੰਭਵ ਬਣਾਇਆ। ਉਹਨਾਂ ਨੇ ਕਿਰਤ ਕਰਦੇ ਹੋਏ ਨਾਮ ਜੱਪਣ ਦੀ ਗੱਲ ਕੀਤੀ। ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਜੀਵਨ ਦੇ ਜਿਸ ਪੱਖ ਵਿੱਚ ਵੀ ਗਿਰਾਵਟ ਜਾਂ ਨਿਰਾਰਥਕ ਕਦਰਾਂ-ਕੀਮਤਾਂ ਵੇਖੀਆਂ, ਆਪਣੇ ਤਰਕ ਦੇ ਸਹਾਰੇ ਉਨ੍ਹਾਂ ਪ੍ਰਤੀ ਆਵਾਜ਼ ਬੁਲੰਦ ਕੀਤੀ ਅਤੇ ਇਨ੍ਹਾਂ ਨਿਰਾਰਥਕ ਕੀਮਤਾਂ ਦੀ ਸੋਝੀ ਦਿੱਤੀ। ਕਿਉਂਕਿ ਉਸ ਸਮੇਂ ਪੰਜਾਬ ਦੇ ਲੋਕਾਂ ਨੂੰ ਤਿੰਨ ਹਿੱਸਿਆ ਵਿੱਚ ਵੰਡ ਕੇ ਦੇਖੀਏ ਤਾਂ ਇੱਕ ਹਿੱਸਾ ਮੁਸਲਮਾਨ ਹਾਕਮ ਜਮਾਤ ਦਾ ਹੈ ਜੋ ਐਯਾਸ਼, ਜਾਲਮ ਤਰੀਕੇ ਅਪਣਾ ਕੇ ਟੈਕਸਾਂ ਰਾਂਹੀ ਆਮ ਲੋਕਾਂ ਦੀ ਲੁੱਕ ਕਰ ਰਹੀ ਸੀ। ਦੂਜੀ ਜਮਾਤ ਹੁੰਦੂ ਧਰਮ ਦੀਆਂ ਉੱਚ ਜਾਤੀਆਂ ਦੀ ਸੀ, ਜਿਨ੍ਹਾਂ ਦਾ ਵਤਾਰੀ ਨੀਵੀਆਂ ਜਾਤੀਆਂ ਲਈ ਘ੍ਰਿਣਾ ਵਾਲਾ ਸੀ ਅਤੇ ਤੀਜੀ ਜਮਾਤ ਉਹਨਾਂ ਲੋਕਾਂ ਦੀ ਸੀ, ਜੋ ਦੋਹਾਂ ਉਪਰੋਕਤ ਧਰਮਾਂ ਦੀਆਂ ਨੀਵੀਆਂ ਜਾਤੀਆਂ ਨਾਲ ਸਬੰਧਤ ਸੀ। ਇਸ ਨੀਵੀਂ ਜਮਾਤ ਪ੍ਰਤੀ ਕਥਿਤ ਉੱਚ ਜਾਤੀਆਂ ਦੇ ਵਤੀਰੇ ਨੂੰ ਨਿੰਦਦੇਂ ਗੁਰੂ ਨਾਨਕ ਦੇਵ ਜੀ ਨੇ ਚੰਗੀ ਕਰਣੀ ਨੂੰ ਧਰਮ ਦਾ ਆਧਾਰ ਦੱਸਦਿਆਂ ਸ਼੍ਰੇਣੀ ਵੰਡ ਨੂੰ ਨਕਾਰਦਿਆਂ ਮਜ਼ਲੂਮ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਉਹ ਲਿਖਦੇ ਹਨ:-

---

[2] ਡਾ. ਜਸਬੀਰ ਸਿੰਘ ਸਾਬਰ 'ਸਿੱਖ ਧਰਮ ਅਧਿਐਨ (ਮੁੱਢਲੀ ਜਾਣਕਾਰੀ)' ਪੰਨਾ 35-36

[3] ਡਾ. ਤੇਜਵੰਤ ਮਾਨ 'ਸਮਾਜਿਕ ਚੇਤਨਾ ਅਤੇ ਲੇਖਕ' ਪੰਨਾ-140

ਨੀਚਾਂ ਅੰਦਰ ਨੀਚ ਜਾਤ,

ਨੀਚੀ ਹੂੰ ਅਤਿ ਨੀਚ।।

ਨਾਨਕ ਤਿਨਕੈ ਸੰਗਿ ਸਾਥ,

ਵਡਿਆ ਸਿਉਂ ਕਿਆਂ ਰੀਸ।।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਜਿੱਥੇ ਕੱਟੜ ਰੀਤਾਂ ਰਸਮਾਂ ਦਾ ਵਿਰੋਧ ਕਰਦੇ ਹਨ, ਉੱਥੇ ਸੱਚ ਨੂੰ ਪਛਾਨਣ ਦਾ ਹੋਕਾ ਦਿੰਦੇਂ ਇੱਕ ਕ੍ਰਾਂਤੀਕਾਰੀ ਫਿਲਾਸਫਰ ਦੇ ਰੂਪ ਵਿੱਚ ਲੋਕਾਈ ਦਾ ਧਰਵਾਸ ਬਣਦੇ ਹਨ। ਕਿਉਂਕਿ ਉਹਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਜਿੱਥੇ ਯੁੱਗ-ਚਿਤੱਰਣ ਕੀਤਾ, ਉੱਥੇ ਪਰੰਪਰਾਗਤ ਅਤੇ ਰੂੜ੍ਹ ਹੋ ਚੁੱਕੇ ਧਾਰਮਿਕ ਕਰਮ-ਕਾਂਡਾ ਅਤੇ ਵਹਿਮਾਂ/ਭਰਮਾਂ ਦੀ ਆਲੋਚਨਾ ਕਰਕੇ ਨਵੀਨ ਕ੍ਰਾਂਤੀ ਦਾ ਮੁੱਢ ਬਨ੍ਹਿਆਂ। ਪੰਡਿਤਾਂ-ਮੁਲਾਣਿਆਂ ਦੇ ਭਰਮ-ਜਾਲ ਵਿੱਚ ਫਸੀ ਲੋਕਾਈ ਸਾਹਮਣੇ ਯੁਗ ਅਨਕੂਲ ਕਲਿਆਣਕਾਰੀ ਉਪਦੇਸ਼ ਦਿੰਦੇ, ‘ ਕਿਰਤ ਕਰੋ- ਵੰਡ ਛਕੋ’ ਦੀ ਗੱਲ ਕਰਦੇ ਗੁਰੂ ਨਾਨਕ ਦੇਵ ਜੀ ਲਿਖਦੇ ਹਨ:-

ਗੁਰੁ ਪੀਰ ਸਦਾਏ ਮੰਗਣੂ ਜਾਇ।।

ਤਾਕੈ ਮੂਲ ਨ ਲਗੀਐ ਪਾਇ।।

ਘਾਲ ਖਾਇ ਕਿਛੁ ਹਖਹੁ ਦੇਹਿ।।

ਨਾਨਕ ਰਾਹੁ ਪਛਾਣਹਿ ਸੇਇ।।

ਇਸ ਤਰ੍ਹਾਂ ਤਰਕ-ਵਿਤਰਕ ਅਤੇ ਬੌਧਿਕਤਾ ਭਰਪੂਰ ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਸਮਾਜ ਨੂੰ ਖੂਬਸੂਰਤ ਅਤੇ ਰਹਿਣਯੋਗ ਬਣਾਉਣ ਲਈ ਜਿੱਥੇ ਰਾਹ ਦਸੇਰਾ ਹਨ, ਉੱਥੇ ਮਨੁੱਖੀ ਜੀਵਨ ਲਈ ਨਵੀਨ ਕ੍ਰਾਂਤੀ ਦੀਆਂ ਵਾਹਕ ਵੀ ਹਨ। ਕਿਉਂਕਿ ਮਨੁੱਖ ਦਾ ਸਮਾਜ ਨਾਲ ਡੂੰਘਾ ਸਬੰਧ ਹੁੰਦਾ ਹੈ। ਸਮਾਜ ਦੀ ਇਕਾਈ ਹੋਣ ਕਰਕੇ, ਸਮਾਜਿਕ ਸਰੂਪ ਦਾ ਨਿਰਮਾਣ ਵਿਅਕਤੀ ਵਿਸ਼ੇਸ ਦੇ ਆਚਾਰ-ਵਿਚਾਰਾ ਤੇ ਨਿਰਭਰ ਕਰਦਾ ਹੈ। ਇਸੇ ਕਰਕੇ ਜਦੋ ਕੋਈ ਵੀ ਸਮਾਜਿਕ ਪ੍ਰਾਣੀ/ਮਨੁੱਖ ਆਪਣੇ ਕਰਤੱਵਾਂ ਤੋਂ ਡਿਗਦਾ ਹੈ, ਤਾਂ ਸਮਾਜਿਕ ਵਿਵਸਥਾ ਵਿਗੜ੍ਹ ਜਾਂਦੀ ਹੈ। ਚੋਦਵੀਂ-ਪੰਦਰਵੀਂ ਸਦੀ ਦੀ ਅਜਿਹੀ ਵਿਗੜੀ ਸਮਾਜਿਕ, ਧਾਰਮਿਕ, ਆਰਥਿਕ ਵਿਵਸਥਾ ਵਿੱਚ ਗੁਰੂ ਨਾਨਕ ਦੇਵ ਜੀ ਦਾ ਆਗਮਨ ਯੁੱਗ-ਪਲਟਾਉ ਸੀ। ਕਿਉਂਕਿ ਉਸ ਸਮੇਂ ਦਾ ਸਮਾਜਿਕ ਤਨਾਉ ਨਾ ਰਹਿਣ ਯੋਗ ਬਣਿਆ ਹੋਇਆ ਸੀ। ਲਾਚਾਰ ਅਤੇ ਅਗਿਆਨੀ ਲੋਕ ਬਿਨ੍ਹਾਂ ਕਿਸੇ ਗਿਆਨ ਤੋਂ ਭੇਖਾਂ ਭਰਿਆ ਜੀਵਨ ਜਿਉਣ ਲਈ ਮਜਬੂਰ ਸਨ। ਉਸ ਸਮੇਂ ਦੀ ਤਸਵੀਰ-ਕੱਸ਼ੀ ਕਰਦੇ ਗੁਰੂ ਨਾਨਕ ਦੇਵ ਜੀ ਲਿਖਦੇ ਹਨ:-

ਕੂੜ ਬੋਲ ਮੁਰਦਾਰ ਖਾਇ।।

ਅਵਰੀ ਨੇ ਸਮਝਾਵਣਿ ਜਾਇ।।

(ਆਦਿ ਗ੍ਰੰਥ, ਪੰਨਾ 140)

ਭਾਰਤੀ ਜਨਤਾਂ ਧਰਮਾਂ ਦੇ ਆਧਾਰ ਤੇ ਵੀ ਵੰਡੀ ਹੋਣ ਕਾਰਨ ‘ਦੋਹਾਂ ਧਰਮਾਂ ਦਾ ਕਲਚਰ ਅਤੇ ਰੂਪਵਾਦ ਇਨ੍ਹਾਂ ਵਖਰਾ ਹੈ (ਸੀ) ਕਿ ਸੰਤ ਅਤੇ ਸੂਫੀ ਸਦਾਚਾਰਕ ਕੀਮਤਾਂ ਦਾ ਆਧਾਰ ਰੱਖਦੇ ਹੋਏ ਵੀ ਆਪਣੇ-ਆਪਣੇ ਧਰਮਾਂ ਦੇ ਦ੍ਰਿਸ਼ਟੀਕੋਣ ਤੋਂ ਉੱਚਾ ਨਾ ਉਠ ਸਕੇ। ਭਗਤੀ ਲਹਿਰ ਨੇ ਇਸਲਾਮੀ ਕਲਚਰ ਅਤੇ ਰਾਜਨੀਤੀ ਦੀ ਦਬਾਉ ਨੀਤੀ ਦਾ ਵਿਰੋਧ ਕਰਦੇ ਹੋਏ ਭਾਰਤੀ ਕਲਚਰ ਦੀ ਪੁਨਰ-ਸੁਰਜੀਤੀ ਕੀਤੀ ਜਾਂ ਦੋਹਾਂ ਧਰਮਾਂ ਵਿੱਚ ਸੁਮੇਲ ਲੱਭਣ ਦਾ ਜਤਨ ਕੀਤਾ, ਪਰ ਗੁਰੂ ਨਾਨਕ ਨੂੰ ਅਜਿਹੇ ਕਿਸੇ ਵੀ ਦ੍ਰਿਸ਼ਟੀਕੋਣ ਵਿਚ

ਨਹੀਂ ਬੰਨਿਆਂ ਜਾ ਸਕਦਾ। ਕਿਉਂਕਿ ਗੁਰੂ ਨਾਨਕ ਨੇ ਪਿੱਛੇ ਦੱਸੀ ਤੀਜੀ ਸ੍ਰੇਣੀ (ਜਿਸ ਦਾ ਜਿਕਰ ਪਿੱਛੇ ਆ ਚੁੱਕਾ ਹੈ) ਨਾਲ ਸਬੰਧ ਵਾਲੇ ਲੋਕਾਂ ਦਾ ਦ੍ਰਿਸ਼ਟੀਕੋਣ ਅਪਣਾਇਆ, ਜਿਨ੍ਹਾਂ ਦੇ ਦਿਲ ਵਿੱਚ ਸਵੈਮਾਣ ਨਾਲ ਮਨੁੱਖੀ ਜੀਵਨ ਜੀਣ ਦੀ ਤੜ੍ਹਪ ਹੈ (ਸੀ)'[4] ਗੁਰੂ ਨਾਨਕ ਦੇਵ ਜੀ ਲਿਖਦੇ ਹਨ:-

ਜੇ ਰੱਤ ਲਗੇ ਕੱਪੜਾ ਜਾਮਾ ਹੋਇ ਪਲੀਤ॥

ਜੋ ਰੱਤ ਪੀਵੈ ਮਾਣਸਾ ਤਿਨ ਕਿਉਂ ਨਿਰਮਲ ਚੀਤੁ॥

ਇਸ ਤਰ੍ਹਾਂ ਨਾਲ ਕ੍ਰਾਂਤੀਕਾਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਦਾ ਧੁਰਾ ਮਾਨਵਵਾਦ ਹੈ। ਜਿੱਥੇ ਕਿਤੇ ਵੀ ਅਤੇ ਜਿਸ ਪੱਧਰ ਤੇ ਵੀ ਮਾਨਵੀ ਹਿੱਤਾਂ ਦਾ ਘਾਣ ਜਾ ਦੁਰਵਰਤੋਂ ਹੁੰਦੀ ਹੈ, ਗੁਰੂ ਨਾਨਕ ਦੀ ਫਿਲਾਸਫੀ ਇਸਦੀ ਕਰੜੀ ਆਲੋਚਨਾ ਕਰਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀਕਾਰੀ ਸਰੂਪ ਦੀ ਇਕ ਉਦਾਰਨ ਇਹ ਵੀ ਹੈ, ਕਿ ਮੱਧ ਯੁੱਗ ਦੇ ਇਕ ਮਾਤਰ ਗੁਰੂ ਨਾਨਕ ਦੇਵ ਜੀ ਹੀ ਅਜਿਹੇ ਸਾਧਕ ਹੋਏ ਹਨ, ਜਿਨਾਂ ਨੇ ਜਨ-ਸਾਧਾਰਣ ਵਿਚ ਪ੍ਰਚਲਿਤ ਨਾਰੀ ਦੀ ਨਿੰਦਿਆ ਦੀ ਭਾਵਨਾ ਦਾ ਖੰਡਨ ਕੀਤਾ। ਜੇ ਦੇਖਿਆ ਜਾਵੇ ਤਾਂ ਕਿਸੇ ਵੀ ਦੇਸ਼ ਜਾਂ ਸੱਭਿਅਤਾ ਦੀ ਉੱਨਤੀ ਦਾ ਅਨੁਮਾਨ ਔਰਤ/ਨਾਰੀ ਦੀ ਸਮਾਜਿਕ ਸਥਿਤੀ ਤੋਂ ਲਗਾਇਆ ਜਾ ਸਕਦਾ ਹੈ ਅਤੇ ਭਾਰਤੀ ਔਰਤ ਦੀ ਸਥਿਤੀ ਮੁੱਢਲੇ ਕੁੱਝ ਕੁ ਸਮੇਂ ਨੂੰ ਛੱਡ ਕੇ ਕਦੇ ਵੀ ਮਾਣਯੋਗ ਨਹੀਂ ਰਹੀ। ਬੇਸਕ ਸਮਾਜ ਦਾ ਇਹ ਅੱਧਾ ਹਿੱਸਾ (ਔਰਤ) ਵਿਚਾਰਸ਼ੀਲ/ਵਿਦਵਾਨ ਲੋਕਾਂ ਲਈ ਚਿੰਤਨ ਦਾ ਵਿਸ਼ਾ ਆਵਸ਼ਕ ਰਿਹਾ ਹੈ। ਪਰੰਤੂ ਅੱਜ ਤੱਕ ਵੀ ਕੋਈ ਗੌਰਵਮਈ ਗੱਲ ਨਹੀਂ ਵਾਪਰੀ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤਾਂ ਇਹ ਸਥਿਤੀ ਬਹੁਤ ਹੀ ਬੱਦਤਰ ਸੀ, ਕਿਉਂਕਿ ਔਰਤ ਨੂੰ ਉਸ ਸਮੇਂ 'ਪਾਪਮਈ ਅਤੇ ਨਾਰਕੀ ਸਮਝਿਆ ਜਾਂਦਾ ਸੀ। ਇਸ ਦਾ ਕਾਰਣ ਉਹ ਸਾਧਨਾ ਪੱਧਤੀਆਂ ਸਨ, ਜਿਨ੍ਹਾਂ ਵਿੱਚ ਨਾਰੀ ਨੂੰ ਮੈਨਾਚਾਰ ਦਾ ਸਾਧਨ ਮੰਨਿਆ ਜਾਂਦਾ ਸੀ। ਫਲਸਰੂਪ ਉਨ੍ਹਾਂ ਦੇ ਵਿਰੋਧ ਵਿਚ ਨਾਥ ਜੋਗੀਆਂ ਦੇ 'ਬਿੰਦ ਰਖਿਆ' ਦੇ ਸਿਧਾਂਤ ਨੇ ਨਾਰੀ ਨੂੰ ਹੀਨ ਦ੍ਰਿਸ਼ਟੀ ਨਾਲ ਵੇਖਣਾ ਸੁਰੂ ਕੀਤਾ। ਇਸਨੂੰ ਬਾਘਨ ਵਰਗੇ ਵਿਸ਼ੇਸਣਾ ਨਾਲ ਸੰਬੰਧਿਤ ਕੀਤਾ ਗਿਆ। ਇਸ ਪ੍ਰਵਿ੍ਤੀ ਅਧੀਨ ਮੱਧ ਯੁੱਗ ਦੇ ਸਾਰੇ ਧਰਮ-ਸਾਧਕਾਂ ਦੀਆਂ ਬਾਣੀਆਂ ਵਿਚ ਨਾਰੀ ਦੀ ਨਿੰਦਿਆ ਦਾ ਸਵਰ ਪ੍ਰੱਤਖ ਰੂਪ ਵਿਚ ਮਿਲ ਜਾਂਦਾ ਹੈ।'[5]

ਇਸ ਤਰ੍ਹਾਂ ਅਜਿਹੇ ਸਮੇਂ ਜਦੋਂ ਸਾਧਕਾਂ ਨੇ ਵੀ ਔਰਤ ਦਾ ਕਾਮਿਨੀ ਰੂਪ ਹੀ ਦੇਖਿਆ ਅਤੇ ਅਰਧਾਂਗਨੀ ਰੂਪ ਵੱਲ ਧਿਆਨ ਹੀ ਨਹੀਂ ਦਿੱਤਾ, ਗੁਰੂ ਨਾਨਕ ਦੇਵ ਜੀ ਦਾ ਔਰਤ ਦੀ ਧਿਰ ਬਣਕੇ ਖੜ੍ਹੇ ਹੋਣਾ ਇਕ ਵੱਡਾ ਕ੍ਰਾਂਤੀਕਾਰੀ ਕਦਮ ਸੀ। ਸਮਾਜ ਦੇ ਮੁੱਲ-ਵਿਧਾਨ ਨਾਲ ਟੱਕਰ ਲੈਂਦਿਆਂ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਰਾਜਿਆਂ ਨੂੰ ਜਨਮ ਦੇਣ ਵਾਲੀ ਕਿਹਾ। ਉਹ ਲਿਖਦੇ ਹਨ:

ਭੰਡਿ ਜੰਮੀਐ ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ॥

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥

ਭੰਡ ਮੁਆ ਭੰਡ ਭਾਲੀਐ ਭੰਡਿ ਹੋਵੈ ਬੰਧਾਨੁ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥

(ਆਦਿ ਗ੍ਰੰਥ, ਪੰਨਾ 473)

ਔਰਤ ਦੀ ਇਸ ਗਿਰਾਵਟ ਭਰੀ ਸਥਿਤੀ ਤੋ ਇਲਾਵਾ ਹੋਰ ਬਹੁਤ ਸਾਰੀਆ ਕੁਰਾਤੀਆ ਜਾ ਧਾਰਮਿਕ ਰੀਤੀਆ ਸਨ। ਜਿੰਨਾ ਨੂੰ ਆਮ ਲੋਕਾਈ ਨੇ ਅਗਿਆਨਤਾ ਵੱਸ ਹੀ ਧਾਰਨ ਕਰ ਰੱਖਿਆ ਸੀ। ਜਨੇਉ, ਸ਼ਰਾਧ, ਸੂਤਕ ਅਜਿਹੀਆਂ ਪਰੰਪਰਾਗਤ ਪ੍ਰਚਲਿਤ

4 ਡਾ. ਸੁਰਿੰਦਰ ਸਿੰਘ ਦੁਸਾਂਝ, 'ਗੁਰੂ ਨਾਨਕ ਬਾਰੇ ਸੱਚ ਦੀ ਖੋਜ' ਪੰਨਾ - 23

5 ਡਾ. ਰਤਨ ਸਿੰਘ ਜੱਗੀ 'ਆਸਾ ਦੀ ਵਾਰ ਦਾ ਟੀਕਾ' ਪੰਨਾ 22-23

ਪ੍ਰਥਾਵਾ ਸਨ, ਜਿਹਨਾਂ ਦੀ ਵਿਗਿਆਨਕ ਸਾਰਥਾਕਤਾ ਨਹੀ ਸੀ। ਇਸ ਨਿਸਾਰਤਾ ਨੂੰ ਵੇਖਦਿਆ ਹੋਇਆ ਗੂਰੁ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ' ਵਿੱਚ ਪਉੜੀਆ ਦੀ ਰਚਨਾ ਕੀਤੀ। ਉਹਨਾ ਨੇ ਕੱਟੜ ਧਾਰਮਿਕ ਰੀਤੀ –ਰਸਮਾ ਦਾ ਵਿਰੋਧ ਸੁਧਾਰਕ ਤਰੀਕੇ ਨਾਲ ਕਰਦੇ ਹੋਏ ਨਵੀਆ ਕੀਮਤਾ ਦੀ ਸਿਰਜਨਾ ਕਰਕੇ ਆਪਣਾ ਇਨਕਲਾਬੀ /ਕ੍ਰਾਤੀਕਾਰੀ ਰੂਪ ਸਾਕਾਰ ਕੀਤਾ। ਗੂਰੁ ਨਾਨਕ ਦੇਵ ਜੀ ਅਨੁਸਾਰ ਇਰ ਸਾਰੀ ਸ੍ਰਿਸਟੀ/ਕਾਇਨਾਤ ਉਸ ਇਸ ਕਰਤੇ ਦੀ ਹੀ ਰਚਨਾ ਹੈ ਅਤੇ ਇਹ ਧਰਤੀ ਮਨੁੱਖਾ ਲਈ ਕਰਮ ਖੇਤਰ ਹੈ । ਇਸ ਤਰ੍ਹਾਂ ਉਹਨਾਂ ਅਨੁਸਾਰ ਅਧਿਆਤਮਕ ਜੀਵਨ ਅਤੇ ਮਾਦੀ ਜੀਵਨ ਵਿੱਚ ਸਤੁੰਲਨ ਹੋਣਾ ਜਰੂਰੀ ਹੈ । ਸੋ ਜਿਸ ਤਰ੍ਹਾਂ ਦਾ ਨਿਰਭਉ,ਨਿਰਵੈਰ ਅਤੇ ਅਕਾਲ ਸੁਰਤਿ ਵਾਲਾ ਨਿਰੰਜਨ ਗੁਰੂ ਨਾਨਕ ਦੇਵ ਜੀ ਨੇ ਕਲਪਿਆ, ਉਸੇ ਤਰ੍ਹਾਂ ਨਿਰੰਜਨ ਵਿਚ ਅਭੇਦ ਹੋਣ ਲਈ ਮਨੁੱਖ ਨੂੰ ਵੀ ਨਿਰਭਉ, ਨਿਰਵੈਰ ਅਤੇ ਸੱਚ ਦਾ ਧਾਰਨੀ ਹੋਣ ਲਈ ਪ੍ਰੇਰਿਆ। ਗੁਰੂ ਨਾਨਕ ਦੇਵ ਨੇ ਉਸ ਸੱਚੇ ਅਤੇ ਸੱਚਾ ਨਿਆਂ ਕਰਨ ਵਾਲੇ ਪਰਮਾਤਮਾ/ਨਿਰੰਕਾਰ/ਅਲ੍ਹਾ/ਈਸ਼ਵਰ ਦੇ ਸੱਚੇ ਰੂਪ ਨੂੰ ਪਛਾਣ ਕੇ ਬਦੀਆਂ ਵਿਰੁੱਧ ਜੂਝਣ/ਲੜਣ ਲਈ ਮਨੁੱਖਤਾ ਨੂੰ ਪ੍ਰੇਰਿਆ।

ਅੱਜ ਅਸੀਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨੂੰ ਮਨਾਉਂਦੇ ਬਹੁਤ ਫ਼ਖ਼ਰ ਮਹਿਸੂਸ ਕਰ ਰਹੇ ਹਾਂ। ਇਸ ਸੁਭਾਗੇ ਸਮੇਂ ਦੋਰਾਨ ਸਾਡਾ ਪ੍ਰਣ ਗੁਰਬਾਣੀ ਵਾਲੇ ਬਾਬੇ ਨਾਨਕ ਦੀ ਪਛਾਣ ਵੀ ਹੋਣਾ ਚਾਹੀਦਾ ਹੈ। ਉਸ ਗੁਰੂ ਨਾਨਕ ਦੀ ਪਛਾਣ ਜੋ ਹੱਕਮਾਰਾ, ਕੁੜੀਮਾਰਾਂ, ਵੱਢੀਖੋਰਾਂ ਆਦਿ ਨੂੰ ਵੰਗਾਰ ਸਕਣ ਦੀ ਹਿੰਮਤ ਰੱਖਦਾ ਹੈ। ਗੁਰੂ ਨਾਨਕ, ਜੋ ਆਮ ਜਨਤਾ ਤੇ ਹੁੰਦੇ ਜ਼ੁਲਮਾਂ ਨੂੰ ਵੇਖ ਕੇ ਰੱਬ ਨੂੰ ਵੀ ਉਲਹਾਮਾਂ ਦੇਣ ਦੀ ਜੁੱਅਰਤ ਰੱਖਦਾ ਹੈ। ਅਜਿਹੇ ਮਹਾਨ ਕ੍ਰਾਂਤੀਕਾਰੀ ਸਰੂਪ ਵਾਲੇ ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਅਪਣਾਉਣਾ ਅਜੋਕੇ ਸਮੇਂ ਦੀ ਬਹੁਤ ਵੱਡੀ ਲੋੜ ਹੈ, ਕਿਉਂਕਿ ਇਸ ਸਮੇਂ, ਜਦੋਂ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਬੇਰੁਜਗਾਰੀ ਵੱਡੇ ਪੱਧਰ ਤੇ ਪਸਰ ਰਹੀ ਹੈ ਅਤੇ ਨਸ਼ੇ ਨੋਜਵਾਨੀ ਨੂੰ ਖਾ ਰਹੇ ਹਨ, ਅਜਿਹੇ ਸਮਾਜਿਕ ਕੁਰੀਤੀਆਂ ਸਮੇਂ ਗੁਰੂ ਨਾਨਕ ਦੀ ਵਿਚਾਰਧਾਰਾ ਹੀ ਸਭ ਤੋਂ ਵੱਡਾ ਰਾਹ ਦਸੇਰਾ ਸਾਬਤ ਹੋਵੇਗੀ ਅਤੇ ਅਗਲੇਰੀ ਸਮਾਜਿਕ ਕ੍ਰਾਂਤੀ ਦੀ ਵਾਹਕ ਬਣੇਗੀ।

ਆਮੀਨ।

ਅਸਿਸਟੈਂਟ ਪ੍ਰੋਫੈਸਰ,

ਮਾਤਾ ਸਾਹਿਬ ਕੌਰ ਗਰਲਜ

ਕਾਲਜ, ਤਲਵੰਡੀ ਸਾਬੋ।